# ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ (ਪੰਜਾਬ)**

ਫੋਨ ਨੰ: 0172-2212221, ਈ.ਮੇਲ: **scertaffiliation@punjabeducation.gov.in**


Azadi Ka Amrit Mahotsav

ਹੁਕਮ ਨੰ: ਈ. 370713

ਮਿਤੀ : ਐੱਸ.ਏ.ਐੱਸ. ਨਗਰ 13.09.2022

ਇਸ ਦਫਤਰ ਦੇ ਪੱਤਰ ਨੰ: 370713 ਮਿਤੀ 13.09.2022 ਦੀ ਲਗਾਤਾਰਤਾ ਵਿੱਚ ਸੋਧ ਕਰਦੇ ਹੋਏ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:

ਰਾਜ ਅੰਦਰ 15 ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਡਾਇਟਾਂ) ਅਤੇ 111 ਪ੍ਰਾਈਵੇਟ ਸੈਲਫ਼ ਫਾਇਨਾਂਸਡ ਕਾਲਜਾਂ ਵਿੱਚ ਸੈਸ਼ਨ 2020-22 ਸਾਲ ਦੂਜਾ ਦੌਰਾਨ 7300 ਸੀਟਾਂ ਲਈ ਡੀ.ਐੱਲ.ਐੱਡ. ਦਾ ਕੋਰਸ ਕਰਵਾਇਆ ਜਾ ਰਿਹਾ ਹੈ।

ਕੋਰਸ ਕਰ ਰਹੇ ਸਿੱਖਿਆਰਥੀਆਂ ਨੂੰ ਭਵਿੱਖ ਵਿੱਚ ਚੰਗੇ ਅਧਿਆਪਕ ਬਣਾਉਣ ਲਈ ਅਤੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਵਾਸਤੇ ਕੋਰਸ ਕਰ ਰਹੇ ਸਿਖਿਆਰਥੀਆਂ ਨੂੰ ਵੱਧ ਤੋਂ ਵੱਧ ਸਮਾਂ ਟੀਚਿੰਗ ਪ੍ਰੈਕਟਿਸ ਲਈ ਦਿੱਤਾ ਜਾਣਾ ਹੈ ਤਾਂ ਜੋ ਇਹ ਸਿੱਖਿਆਰਥੀ ਭਵਿੱਖ ਵਿੱਚ ਵਧੀਆ ਅਧਿਆਪਕ ਬਣ ਸਕਣ ਅਤੇ ਸਕੂਲਾਂ ਦੇ ਕੰਮਾਂ-ਕਾਰਾਂ ਵਿੱਚ ਹਰ ਪੱਖ ਤੋਂ ਜਾਣੂ ਹੋ ਸਕਣ। ਡੀ.ਐਲ.ਐਡ. ਕੋਰਸ ਸੈਸ਼ਨ 2020-22 (ਦੂਜਾ ਸਾਲ) ਕਰ ਰਹੇ ਸਿੱਖਿਆਰਥੀਆਂ ਨੂੰ ਪ੍ਰਾਇਮਰੀ/ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ 16 ਹਫਤੇ ਲਈ ਅਤੇ ਸੈਸ਼ਨ 2021-23 (ਸਾਲ ਪਹਿਲਾ) ਕਰ ਰਹੇ ਸਿੱਖਿਆਰਥੀਆਂ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਲੱਗਭੱਗ 4 ਹਫਤੇ ਦੀ ਟੀਚਿੰਗ ਪ੍ਰੈਕਟਿਸ ਹੇਠ ਲਿਖੇ ਅਨੁਸਾਰ ਕਰਵਾਈ ਜਾਵੇਗੀ:

1. ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ 2020-22 ਸਾਲ ਦੂਜਾ, **ਮਿਤੀ 10.10.2022 ਤੋਂ 15.03.2023** = **117** Working days ਅਤੇ ਸੈਸ਼ਨ 2021-23 ਸਾਲ ਪਹਿਲਾ, **ਮਿਤੀ 01.11.2022 ਤੋਂ 08.12.2022** = 28 Working days ਦੀ ਹੋਵੇਗੀ।
2. ਸਿੱਖਿਆਰਥੀ ਨੂੰ ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਦੀ ਅਲਾਟਮੈਂਟ ਕਰਨ ਲਈ ਹਰੇਕ ਜਿਲ੍ਹੇ ਵਿੱਚ ਸਬੰਧਤ ਡਾਇਟ ਪ੍ਰਿੰਸੀਪਲ ਜਾਂ ਨੁਮਾਇੰਦਾ, ਡਿਪਟੀ ਡੀ.ਈ.ਓ.(ਐ:ਸਿ:/ਸੈ:ਸਿ;) ਜਾਂ ਨੁਮਾਇੰਦਾ, DM (ਕੋਆਰਡੀਨੇਟਰ)/ PPDC (ਜ਼ਿਲ੍ਹਾ ਕੋਆਰਡੀਨੇਟਰ) ਦੀ ਕਮੇਟੀ ਗਠਿਤ ਕਰਕੇ ਸਿੱਖਿਆਰਥੀਆਂ ਨੂੰ ਅਧਿਆਪਕਾਂ ਦੀ ਘਾਟ ਵਾਲੇ ਸਕੂਲਾਂ ਦੀ ਅਲਾਟਮੈਂਟ ਕਰਨ ਨੂੰ ਤਰਜੀਹ ਦਿੱਤੀ ਜਾਵੇ।
3. ਸਕੂਲ ਅਲਾਟ ਕਰਨ ਤੋਂ ਪਹਿਲਾ ਇਹ ਕਮੇਟੀ ਇਹ ਸੁਨਿਸ਼ਚਿਤ ਕਰੇਗੀ ਕਿ ਸਟੇਸ਼ਨ ਅਲਾਟ ਕਰਦੇ ਸਮੇਂ ਹੇਠ ਲਿਖੇ ਅਨੁਸਾਰ criteria ਬਣਾਇਆ ਜਾਵੇ:

   70% of the marks obtained in 10+2

10 marks for graduation
10 Marks for Female Candidates
10 Marks for handicapped (As per Punjab Government rules )

4. ਕਾਊਸਲਿੰਗ ਸਮੇਂ ਡਾਇਟ ਪ੍ਰਿੰਸੀਪਲ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਜ਼ਿਲ੍ਹੇ ਅੰਦਰ ਚੱਲ ਰਹੇ ਸੈਲਫ ਫਾਇਨਾਂਸਡ ਕਾਲਜ ਦੀ ਕਾਊਸਲਿੰਗ ਵੀ ਡਾਇਟ ਦੇ ਵਿਦਿਆਰਥੀਆਂ ਦੇ ਨਾਲ ਹੀ ਹੋ ਰਹੀ ਹੈ। ਕਿਸੇ ਵੀ ਸੈਲਫ ਫਾਇਨਾਂਸਡ ਕਾਲਜ ਦੇ ਵਿਦਿਆਰਥੀ ਨੂੰ ਅਲੱਗ ਤੋਂ ਅਲਾਟਮੈਂਟ ਨਹੀਂ ਕੀਤੀ ਜਾਵੇਗੀ। ਅਲਾਟਮੈਂਟ ਦੌਰਾਨ ਜੇਕਰ ਕਿਸੇ ਸੈਲਫ ਫਾਇਨਾਂਸਡ ਕਾਲਜ ਦਾ ਵਿਦਿਆਰਥੀ ਇਸ ਕਾਊਸਲਿੰਗ ਤੋਂ ਵਾਂਝਾ ਰਹਿ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸੰਸਥਾ/ ਪ੍ਰਿੰਸੀਪਲ ਦੀ ਫ਼ਿਕਸ ਕੀਤੀ ਜਾਵੇਗੀ।
5. ਸਿੱਖਿਆਰਥੀ ਆਪਣੇ ਦਾਖਲ ਹੋਏ ਕਾਲਜ ਦੇ ਜ਼ਿਲ੍ਹੇ ਤੋਂ ਆਪਣੇ ਪਿੱਤਰੀ ਜ਼ਿਲ੍ਹੇ (Home District) ਨੂੰ (ਜਿਸ ਜ਼ਿਲ੍ਹੇ ਦਾ ਵਾਸੀ ਹੈ) ਟੀਚਿੰਗ ਪ੍ਰੈਕਟਿਸ ਲਈ ਜੇਕਰ ਸੰਭਵ ਹੋਵੇਗਾ ਤਾਂ ਆਪਟ (opt) ਕਰ ਸਕਦਾ ਹੈ।
6. 30 ਵਿਦਿਆਰਥੀਆਂ ਪਿੱਛੇ ਇੱਕ ਸਿੱਖਿਆਰਥੀ ਟ੍ਰੇਨਿੰਗ ਲਈ ਭੇਜਿਆ ਜਾਵੇ।
7. ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਦੀ ਅਲਾਟਮੈਂਟ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ।
8. ਟੀਚਿੰਗ ਪ੍ਰੈਕਟਿਸ ਦਾ ਸਮਾਂ ਸਕੂਲ ਸਮਾਂ ਹੀ ਹੋਵੇਗਾ।
9. ਟ੍ਰੇਨਿੰਗ ਦੇ ਅੰਤ ਵਿੱਚ ਸਕੂਲ ਮੁਖੀ, B.M/ B.M.T ਅਤੇ D.M/PPDC ਬਕਾਇਦਾ ਇਹ ਤਸਦੀਕ ਕਰਨਗੇ ਕਿ ਇਨ੍ਹਾਂ ਵਿਦਿਆਰਥੀਆਂ ਦੇ ਸਿੱਖਣ-ਪੱਧਰ ਦੇ ਪੱਧਰ ਵਿੱਚ ......ਤੋਂ ...... ਤੱਕ ਸੁਧਾਰ ਕੀਤਾ ਗਿਆ ਹੈ। ਇਸ ਲਈ ਇਨ੍ਹਾਂ ਸਿੱਖਿਆਰਥੀਆਂ ਦਾ ਕੰਮ-ਕਾਜ ਤਸੱਲੀ ਬਖਸ਼ ਪਾਇਆ ਗਿਆ ਹੈ।
10. ਟੀਚਿੰਗ ਪ੍ਰੈਕਟਿਸ ਲਈ ਹਰ ਸਿੱਖਿਆਰਥੀ ਇੱਕ ਨੋਟਬੁੱਕ ਲਗਾਵੇਗਾ ਅਤੇ ਉਸ ਵਿੱਚ ਲਿਖੀ ਹਰ ਲੈਸਨ ਪਲਾਨ ਟੀਚਰ ਐਜੂਕੇਟਰ ਤੋਂ ਚੈੱਕ ਕਰਵਾਏਗਾ। ਟੀਚਿੰਗ ਪ੍ਰੈਕਟਿਸ ਵਾਲੇ ਸਕੂਲ ਵਿੱਚ ਇਨ੍ਹਾਂ ਸਿੱਖਿਆਰਥੀਆਂ ਲਈ ਇੱਕ ਹਾਜਰੀ ਰਜਿਸਟਰ ਲਗਾਇਆ ਜਾਵੇਗਾ ਜਿਸ ਵਿੱਚ ਸਿੱਖਿਆਰਥੀ ਸਵੇਰ ਅਤੇ ਸ਼ਾਮ ਦੀ ਆਪਣੀ ਹਾਜਰੀ ਲਗਾਉਣਾ ਯਕੀਨੀ ਬਣਾਉਣਗੇ।
11. ਸਕੂਲ ਮੁਖੀ ਇਹ ਯਕੀਨੀ ਬਣਾਵੇਗਾ ਕਿ ਟੀਚਿੰਗ ਪ੍ਰੈਕਟਿਸ ਦੌਰਾਨ ਸਬੰਧਤ ਜਮਾਤ ਅਧਿਆਪਕ ਅਤੇ ਸਕੂਲ ਦੇ ਅਧਿਆਪਕ ਜਿਸ ਦਾ ਪੀਰੀਅਡ ਖਾਲੀ (Free) ਹੋਵੇਗਾ ਉਹ ਅਧਿਆਪਕ ਇਨ੍ਹਾਂ ਸਿੱਖਿਆਰਥੀਆਂ ਨੂੰ ਆਬਜ਼ਰਵ ਕਰੇਗਾ ਅਤੇ ਸਿੱਖਿਆਰਥੀਆਂ ਦੀ ਨੋਟ-ਬੁੱਕ ਵਿੱਚ ਪੜ੍ਹਾਏ ਗਏ Topic ਸਬੰਧੀ ਆਪਣੇ ਕਮੈਂਟ ਵੀ ਲਿਖੇਗਾ।
12. ਸਕੂਲ ਮੁਖੀ ਵੱਲੋਂ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (PPPP) ਦੀ ਟੀਮ ਦੇ ਸਹਿਯੋਗ ਨਾਲ ਸਿੱਖਿਆਰਥੀਆਂ ਨੂੰ ਜਮਾਤ ਦੇਣ ਵੇਲੇ ਬੱਚਿਆਂ ਦੀ ਪਹਿਲਾਂ ਜਾਂਚ ਕਰਕੇ ਹੀ ਜਮਾਤ ਜਾਂ ਪੱਧਰ ਅਨੁਸਾਰ ਬੱਚੇ ਦੇਵੇਗਾ ਅਤੇ ਇਨ੍ਹਾਂ ਵੱਲੋਂ ਦਿੱਤਾ ਗਿਆ ਟੀਚਾ ਪੂਰਾ ਕਰਨਾ ਹੋਵੇਗਾ। ਸਮੇਂ ਸਮੇਂ ਸਿਰ ਸਕੂਲ ਮੁਖੀ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (PPPP) ਟੀਮ ਮੈਂਬਰਾਂ ਵੱਲੋਂ ਮੌਨੀਟਰ ਕਰਕੇ ਬੱਚਿਆਂ ਦੇ ਸਿੱਖਣ ਪੱਧਰਾਂ ਵਿੱਚ ਹੋ ਰਹੇ ਸੁਧਾਰਾਂ ਦਾ ਰਿਕਾਰਡ ਰੱਖਿਆ ਜਾਵੇਗਾ । ਜੇਕਰ ਬੱਚਿਆਂ ਦੇ ਪੜ੍ਹਨ ਲਿਖਣ ਵਿੱਚ ਸੁਧਾਰ ਨਹੀਂ ਹੋਵੇਗਾ, ਤਾਂ ਸਬੰਧਤ ਡਾਇਟ